# 18

# ‘‘ਕਿ ਪਰਮੇਸ਼ੁਰ ਦੇ ਕੰਮ ਉਸ ਵਿਚ ਪਰਗਟ ਹੋਣ’’

## (9:1-5)

ਜ਼ਿੰਦਗੀ ਸਿਰਫ਼ ਵੱਡੀ ਘਟਨਾ, ਵੱਡੇ ਸੰਜੋਗ ਦਾ ਖੇਡ ਹੈ? ਇਹ ਸਵਾਲ ਕਿ ਸਾਡੇ ਨਾਲ ਹੀ ਇੰਜ ਕਿਉਂ ਹੁੰਦਾ ਹੈ, ਬਾਰ-ਬਾਰ ਸਾਡੇ ਮਨ ਵਿਚ ਆਉਂਦਾ ਹੈ। ਕਲਾਸਿਕ ਫ਼ਿਲਮਾਂ ਅਤੇ ਸਾਹਿਤ ਦੀ ਵਿਸ਼ਾ-ਵਸਤੂ ਇਹੀ ਰਹੀ ਹੈ, ਅਤੇ ਵਾਸਤਵਿਕ ਲੋਕਾਂ ਵੱਲੋਂ ਖ਼ਾਸ ਕਰ ਕਿਸੇ ਦੁਖਦ ਘਟਨਾ ਅਤੇ ਨੁਕਸਾਨ ਹੋਣ ਤੇ ਹਰ ਰੋਜ਼ ਪੁੱਛਿਆ ਜਾਂਦਾ ਹੈ। ਯਿਸੂ ਨੇ ਲਿਖਤ ਦੇ ਸਾਡੇ ਪਾਠ, ਯੂਹੰਨਾ 9: 1-5 ਵਿਚ ‘‘ਕਿਉਂ?’’ ਦੇ ਸਵਾਲ ਦੀ ਗੱਲ ਕਰਨ ਦਾ ਨਿਰਾਲਾ ਢੰਗ ਦੱਸਿਆ ਹੈ।

### ਸਵਾਲ (9:1, 2)

ਇਕ ਦਿਨ ਯਿਸੂ ਯਰੂਸ਼ਲਮ ਵਿਚ ਹੈਕਲ ਦੇ ਅਹਾਤੇ ਵਿਚ ਆਪਣੇ ਚੇਲਿਆਂ ਨਾਲ ਟਹਿਲਦੇ ਹੋਏ, ਇਕ ਮੰਗਤੇ ਦੇ ਕੋਲੋਂ ਦੀ ਲੰਘਿਆ, ਜੋ ਜਮਾਂਦਰੂ ਅੰਨ੍ਹਾ ਸੀ (9: 1)। ਜੇ ਉਹ ਸਚਮੁੱਚ ਮੰਗਤਾ ਸੀ, ਤਾਂ ਗੰਦਾ-ਮੰਦਾ ਹੋਵੇਗਾ, ਉਹਨੇ ਪਾਟੇ ਪੁਰਾਣੇ ਕੱਪੜੇ ਪਾਏ ਹੋਣਗੇ ਅਤੇ ਉਹਦੀ ਜ਼ਿੰਦਗੀ ਨਿਰਾਸ਼ਾ ਭਰੀ ਹੋਵੇਗੀ। ਯਿਸੂ ਅਤੇ ਉਹਦੇ ਚੇਲੇ ਯਰੂਸ਼ਲਮ ਵਿਚ ਹਰ ਰੋਜ਼ ਮੰਗਤਿਆਂ ਨੂੰ ਵੇਖਦੇ ਸਨ; ਪਰ ਕਿਸੇ ਕਾਰਣ, ਇਸ ਆਦਮੀ ਦੇ ਜਮਾਂਦਰੂ ਅੰਨ੍ਹਾ ਹੋਣ ਤੇ ਚੇਲਿਆਂ ਨੇ ਯਿਸੂ ਨੇ ਇਹ ਸਵਾਲ ਪੁੱਛਿਆ ਸੀ।

ਉਹ ਜਾਣਨਾ ਚਾਹੁੰਦੇ ਸਨ ਕਿ ਉਹਦੇ ਜਮਾਂਦਰੂ ਅੰਨ੍ਹਾ ਹੋਣ ਦਾ ਯਿਸੂ ਕੀ ਕਾਰਣ ਦੱਸਦਾ ਹੈ (9:2)। ਕੀ ਉਸ ਦੇ ਅੰਨ੍ਹਾ ਪੈਦਾ ਹੋਣ ਦਾ ਕਾਰਣ ਉਸ ਦਾ ਪਾਪ ਸੀ ਜਾਂ ਉਹਦੇ ਮਾਪਿਆਂ ਦਾ ਪਾਪ? ਉਨ੍ਹਾਂ ਦੇ ਦਿਮਾਗ਼ ਵਿਚ ਸੀ ਕਿ ਦੁੱਖ ਦਾ ਕਾਰਣ ਪਾਪ ਹੀ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਆਪਣੇ ਪਾਪਾਂ ਦੇ ਕਾਰਣ ਹੀ ਕੋਈ ਅੰਨ੍ਹਾ ਹੋਣ ਪੈਦਾ ਹੁੰਦਾ ਹੈ। ਕੀ ਇਸ ਆਦਮੀ ਦਾ ਕੋਈ ਪਾਪ ਸੀ? ਜੇ ਸੀ ਤਾਂ ਉਹ ਅੰਨ੍ਹਾ ਪੈਦਾ ਕਿਉਂ ਹੋਇਆ ਸੀ? ਯਕੀਨਨ, ਕੋਈ ਜਵਾਨ ਕਿਸੇ ਅਜਿਹੇ ਪਾਪ ਲਈ ਦੋਸ਼ੀ ਨਹੀਂ ਹੋ ਸਕਦਾ ਜਿਸ ਲਈ ਉਸ ਨੂੰ ਅੰਨ੍ਹਾ ਹੋਣਾ ਪਵੇ। ਕੀ ਉਸਦੇ ਮਾਂ ਪਿਓ ਨੇ ਕੋਈ ਪਾਪ ਕੀਤਾ ਸੀ? ਹੋ ਸਕਦਾ ਹੈ, ਪਰ ਜੇ ਉਸਦੇ ਮਾਂ ਪਿਓ ਨੇ ਕੋਈ ਪਾਪ ਕੀਤਾ ਸੀ ਤਾਂ ਉਸਦੀ ਸਜ਼ਾ ਬੱਚੇ ਨੂੰ ਕਿਉਂ ਮਿਲ ਰਹੀ ਸੀ?

ਚੇਲਿਆਂ ਦੇ ਸਵਾਲ ਦਾ ਅਧਾਰ ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਪਾਪ ਦੇ ਕਾਰਣ ਦੁੱਖ ਹੁੰਦਾ ਹੈ ਅਤੇ ਪਾਪ ਅਤੇ ਦੁੱਖ ਵਿਚ ਕਾਰਣ ਅਤੇ ਨਤੀਜੇ ਦਾ ਸਬੰਧ ਹੈ ਭਾਵ ਦੁੱਖ ਦਾ ਕਾਰਣ ਪਾਪ ਹੀ ਹੈ। ਇਹ ਵਿਚਾਰ ਪੁਰਾਣੇ ਜ਼ਮਾਨੇ ਵਿਚ ਆਮ ਸੀ। ਅੱਯੂਬ ਦੇ ਬੱਚੇ, ਉਸਦੀ ਜਾਇਦਾਦ ਅਤੇ ਸਿਹਤ ਖੁੱਸ ਜਾਣ ਦੀਆਂ ਗੱਲਾਂ ਸੋਗ ਪਰਗਟ ਕਰਨ ਆਏ ਉਸਦੇ ਦੋਸਤਾਂ ਨੇ ਉਸ ਨੂੰ ਕਿਹਾ ਸੀ:

ਚੇਤੇ ਤਾਂ ਕਰ ਕਿਹੜਾ ਬੇਦੋਸ਼ਾ ਕਦੇ ਨਾਸ ਹੋਇਆ,
ਯਾ ਨੇਕ ਜਨ ਕਿੱਥੇ ਮਿਟਾਏ ਗਏ?
ਮੇਰੇ ਵੇਖਣ ਵਿਚ ਤਾਂ ਬਦੀ ਦੇ ਵਾਹੁਣ ਵਾਲੇ
ਅਤੇ ਕਸ਼ਟ ਦੇ ਬੀਜਣ ਵਾਲੇ ਉਹੋ ਕੁਝ ਵੱਢਦੇ ਹਨ।
ਪਰਮੇਸ਼ੁਰ ਦੇ ਸੁਆਸ ਨਾਲ ਓਹ ਨਾਸ ਹੋ ਜਾਂਦੇ,
ਅਤੇ ਉਹ ਦੇ ਕ੍ਰੋਧ ਦੇ ਬੁੱਲੇ ਨਾਲ ਓਹ ਮੁੱਕ ਜਾਂਦੇ ਹਨ।
ਸ਼ੇਰ ਬਬਰ ਦੀ ਗਰਜ ਅਤੇ ਮਾਰੂ ਸ਼ੇਰ ਬੱਬਰ ਦੀ ਅਵਾਜ਼,
ਅਤੇ ਜੁਆਨ ਬੱਬਰਾਂ ਦੇ ਦੰਦ ਭੰਨੇ ਜਾਂਦੇ ਹਨ।
ਬੁੱਢਾ ਬੱਬਰ ਸ਼ਿਕਾਰ ਥੁੜੋਂ ਨਾਸ ਹੁੰਦਾ,
ਅਤੇ ਸ਼ੇਰਨੀ ਦੇ ਬੱਚੇ ਖਿੰਡ ਪੁੰਡ ਜਾਂਦੇ ਹਨ
(ਅੱਯੂਬ 4:7-11)।

ਯਿਸੂ ਨੇ ਉਨ੍ਹਾਂ ਦੇ ਬਾਰੇ ''ਜਿਨ੍ਹਾਂ ਦਾ ਲਹੂ ਪਿਲਾਤੁਸ ਨੇ ਉਨ੍ਹਾਂ ਹੀ ਦੇ ਬਲੀਦਾਨਾਂ ਨਾਲ ਮਿਲਾਇਆ ਸੀ'' (ਲੂਕਾ 13:1)। ਪੁੱਛੇ ਗਏ ਸਵਾਲ ਵਿਚ ਦੁੱਖ ਬਾਰੇ ਇਹੀ ਵਿਚਾਰ ਪਰਗਟ ਕੀਤਾ ਗਿਆ ਸੀ। ਉਹ ਸੁਣਨਾ ਚਾਹੁੰਦੇ ਸਨ ਕਿ ਯਿਸੂ ਦਾ ਉਨ੍ਹਾਂ ਗਲੀਲੀਆਂ ਦੇ ਕਤਲੇਆਮ ਬਾਰੇ ਕੀ ਵਿਚਾਰ ਸੀ। ਸਵਾਲ ਪੁੱਛਣ ਵਾਲਿਆਂ ਦੇ ਦਿਮਾਗ਼ ਵਿਚ ਜੋ ਵੀ ਹੋਵੇ, ਯਿਸੂ ਨੇ ਇਸ ਸਵਾਲ ਨੂੰ ਇਹ ਸਮਝਾਉਣ ਲਈ ਮੌਕੇ ਦੇ ਰੂਪ ਵਿਚ ਵਰਤਿਆ ਕਿ ਦੁੱਖ ਅਤੇ ਪਾਪ ਦਾ ਸਬੰਧ ਹਮੇਸ਼ਾ ਕਾਰਣ ਅਤੇ ਨਤੀਜੇ ਨਾਲ ਨਹੀਂ ਹੁੰਦਾ, ਭਾਵ ਜ਼ਰੂਰੀ ਨਹੀਂ ਕਿ ਕਿਸੇ ਖ਼ਾਸ ਦੁੱਖ ਦਾ ਅਧਾਰ ਖ਼ਾਸ ਪਾਪ ਹੀ ਹੋਵੇ। ਫਿਰ ਯਿਸੂ ਨੇ ਇਕ ਹੋਰ ਘਟਨਾ ਦਾ ਜ਼ਿਕਰ ਕੀਤਾ ਜਿਸ ਨਾਲ ਅਜਿਹਾ ਹੀ ਸਵਾਲ ਉਠਿਆ ਸੀ। ਉਸ ਨੇ ਉਨ੍ਹਾਂ ਅਠਾਰਾਂ ਲੋਕਾਂ ਦਾ ਧਿਆਨ ਦੁਆਇਆ ਜਿਹੜੇ ਸ਼ੀਲੋ ਦੇ ਬੁਰਜ ਡਿੱਗਣ ਨਾਲ ਦੱਬ ਕੇ ਮਰ ਗਏ ਸਨ। ਕੀ ਉਹ ਆਪਣੇ ਪਾਪ ਦੇ ਕਾਰਣ ਮਰੇ ਸਨ? ਫਿਰ ਯਿਸੂ ਨੇ ਆਪਣੇ ਹੀ ਸਵਾਲ ਦਾ ਜਵਾਬ ਦਿੱਤਾ, ''ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਪਰ ਜੇ ਤੁਸੀਂ ਤੌਬਾ ਨਾ ਕਰੋ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋਵੇਗਾ'' (ਲੂਕਾ 13:5)।

ਯਹੂਦੀ ਰੱਬੀ ਸਦੀਆਂ ਤੋਂ ਇਸ ਸਵਾਲ ਤੇ ਬਹਿਸ ਕਰ ਕਰਦੇ ਆ ਰਹੇ ਸਨ। ਅੰਮੀ ਨਾਮਕ ਰੱਬੀ ਨੇ ਕਿਹਾ ਸੀ, ''ਪਾਪ ਦੇ ਬਿਨਾਂ ਮੌਤ ਨਹੀਂ ਹੁੰਦੀ ਅਤੇ ਬਿਨਾਂ ਪਾਪ ਦੇ ਦੁੱਖ ਨਹੀਂ ਆਉਂਦਾ।''[1] ਸਾਫ਼ ਤੌਰ ਤੇ, ਉਹ ਇਹ ਵੀ ਮੰਨਦਾ ਸੀ ਕਿ ਦੁੱਖ ਨੂੰ ਪਾਪ ਨਾਲ ਜੋੜ ਕੇ ਸਮਝਾਇਆ ਜਾ ਸਕਦਾ ਹੈ।

ਪਹਿਲੀ ਵਾਰ ਇਹ ਵਿਚਾਰ ਸਾਨੂੰ ਅਜੀਬ ਅਤੇ ਅੱਜ ਦੇ ਸਮੇਂ ਵਿਚ ਓਪਰਾ ਲਗ ਸਕਦਾ ਹੈ, ਪਰ ਖੋਜ ਕਰਨ ਤੇ ਪਤਾ ਲਗ ਸਕਦਾ ਹੈ ਕਿ ਸਾਡੇ ਵਿਸ਼ਵਾਸ ਚੇਲਿਆਂ ਦੇ ਵਿਸ਼ਵਾਸ ਮਿਲਦੇ-ਜੁਲਦੇ ਹੀ ਹਨ ਜਿਸਦਾ ਸਾਨੂੰ ਅਹਿਸਾਸ ਨਹੀਂ ਹੁੰਦਾ ਹੈ। ਮੈਂ ਉਨ੍ਹਾਂ ਮਾਪਿਆਂ ਦਾ ਸਾਹਮਣਾ ਕੀਤਾ ਹੈ ਜਿਨ੍ਹਾਂ ਦੇ ਜਵਾਨ ਬੱਚੇ ਬੁਰੀ ਤਰ੍ਹਾਂ ਕਿਸੇ ਖ਼ਤਰਨਾਕ ਬਿਮਾਰੀ ਜਾਂ ਐਕਸੀਡੈਂਟ ਵਿਚ ਫਸ ਗਏ ਸਨ। ਸ਼ੁਰੂਆਤੀ ਸਦਮੇ ਦੇ ਬਾਅਦ ਉਹ ਸਭ ਇਹ ਜਾਣਨ ਦੀ ਕੋਸ਼ਿਸ਼ ਵਿਚ ਕਿ ਉਨ੍ਹਾਂ ਨੇ ਅਜਿਹਾ ਕੀ ਕੀਤਾ ਸੀ ਜਿਸ ਨਾਲ ਉਨ੍ਹਾਂ ਦੇ ਬੱਚਿਆਂ ਤੇ ਕੋਈ ਮੁਸੀਬਤ ਆ ਪਈ, ਦੇਰ ਤਕ ਵਿਚਾਰ ਕਰਦੇ ਰਹੇ। ਕਈਆਂ ਨੂੰ ਲੱਗਾ ਕਿ ਸ਼ਾਇਦ ਇਹ ਉਨ੍ਹਾਂ ਦੀ ਜਵਾਨੀ ਦੇ ਸਮੇਂ ਦੇ ਪਾਪ ਦਾ ਨਤੀਜਾ ਹੋਵੇ। ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਹਾਲਾਤ ਵਿਚ ਕੁਝ ਮਾਂ ਪਿਓ ਸਾਲਾਂ

ਤਕ ਇਹੀ ਸੋਚ ਕੇ ਆਪਣੇ ਆਪ ਨੂੰ ਦੁੱਖ ਦਿੰਦੇ ਰਹੇ ਹਨ। ਸ਼ਾਇਦ ਇਸ ਆਦਮੀ ਦੇ ਅੰਨ੍ਹਾ ਪੈਦਾ ਹੋਣ ਦਾ ਚੇਲਿਆਂ ਦਾ ਸਵਾਲ ਸਾਡੇ ਵਿੱਚੋਂ ਕਿਸੇ ਲਈ ਓਪਰਾ ਨਹੀਂ ਹੈ!

ਜਦ ਅਸੀਂ ਤਬਾਹਕੁੰਨ ਮੁਸੀਬਤਾਂ ਦਾ ਸਾਹਮਣਾ ਨਾ ਵੀ ਕਰਨਾ ਹੋਵੇ ਤਾਂ ਵੀ ਕਦੇ ਕਦੇ ਸਾਡੀ ਭਾਸ਼ਾ ਸਾਡਾ ਭੇਤ ਖੋਲ੍ਹ ਦਿੰਦੀ ਹੈ ਕਿ ਅਸੀਂ ਪਾਪ ਅਤੇ ਦੁੱਖ ਬਾਰੇ ਕਾਰਣ-ਅਤੇ-ਨਤੀਜੇ ਦੇ ਵਿਸ਼ਵਾਸ ਵਿਚ ਫਸੇ ਹੋਏ ਹਾਂ। ਅਜ਼ਮਾਇਸ਼ਾਂ ਜਾਂ ਪਰੇਸ਼ਾਨੀਆਂ ਆਉਣ ਤੇ, ਕੀ ਕਈ ਵਾਰ ਅਸੀਂ ਨਹੀਂ ਪੁੱਛਦੇ, ''ਮੈਂ ਅਜਿਹਾ ਕਿਹੜਾ ਪਾਪ ਕੀਤਾ ਹੈ *ਜਿਸ ਕਰਕੇ* ਮੈਨੂੰ ਇਹ ਦਿਨ ਵੇਖਣਾ ਪੈ ਰਿਹਾ ਹੈ?'' ਸਾਡੇ ਨਾਲ ਕੁਝ ਅਣਸੁਖਾਵਾਂ ਵਾਪਰਨ ਤੇ ਜਦ ਵੀ ਅਸੀਂ ''ਇਹ ਠੀਕ ਨਹੀਂ ਹੈ!'' ਪੁਕਾਰਦੇ ਹਾਂ ਤਾਂ ਭਲਾ ਇਸੇ ਵਿਸ਼ਵਾਸ ਦਾ ਸੰਕੇਤ ਨਹੀਂ ਦੇ ਰਹੇ ਹੁੰਦੇ। ਕੀ ਅਸੀਂ ਜ਼ਿੰਦਗੀ ਵਿਚ ਸਭ ਕੁਝ ਠੀਕ ਹੋਣ ਦੀ ਆਸ ਕਰਦੇ ਹਾਂ? ਕੀ ਸਾਡਾ ਵਿਸ਼ਵਾਸ ਹੈ ਕਿ ਸਾਡੀ ਇੱਛਾ ਅਨੁਸਾਰ ਹੋਣਾ ਹਮੇਸ਼ਾ ਚੰਗੇ ਵਿਹਾਰ ਦਾ ਨਤੀਜਾ ਹੈ ਅਤੇ ਤਕਲੀਫ਼ ਜਾਂ ਦੁੱਖ ਦਾ ਕਾਰਣ ਪਾਪ ਹੀ ਹੁੰਦਾ ਹੈ?

ਸਾਡੇ ਵਿੱਚੋਂ ਹਰ ਕੋਈ ਇੱਕੋ ਅਵਾਜ਼ ਵਿਚ ਚੇਲਿਆਂ ਵਾਲਾ ਸਵਾਲ ਪੁੱਛਦਾ ਹੈ। ਦੁੱਖ ਦਾ ਸਾਹਮਣਾ ਹੋਣ ਤੇ, ਭਾਵੇਂ ਉਹ ਸਾਹਮਣਾ ਸਾਡਾ ਆਪਣਾ ਹੋਵੇ ਜਾਂ ਕਿਸੇ ਦੂਜੇ ਦਾ, ਅਸੀਂ ਜਾਣਦੇ ਹਾਂ ਕਿ ਅਜਿਹਾ ਕਿਉਂ ਹੋ ਕਿਉਂ ਹੋ ਰਿਹਾ ਹੈ। ਪਵਿੱਤਰ ਲਿਖਤ ਵਿਚ ਕਦੇ ''ਕਿਉਂ'' ਦਾ ਜਵਾਬ ਪੂਰੀ ਤਰ੍ਹਾਂ ਨਹੀਂ ਮਿਲਦਾ। ਇਹ ਸਵਾਲ ਪੁੱਛਿਆ ਤਾਂ ਕਈ ਵਾਰ ਗਿਆ ਹੈ, ਪਰ ਕਿਸੇ ਨੂੰ ਇਸ ਦੀ ਪੂਰੀ ਵਿਆਖਿਆ ਨਹੀਂ ਮਿਲਦੀ। ਅੱਯੂਬ ਨੇ ਪੁੱਛਿਆ ਸੀ, ਅਤੇ ਖ਼ੁਦਾ ਨੇ ਉਸਨੂੰ ਇਹ ਕਹਿ ਕੇ ਇਸ ਦਾ ਜਵਾਬ ਦਿੱਤਾ ਸੀ ਕਿ ਮਨੁੱਖੀ ਜੀਵ ਦੇ ਰੂਪ ਵਿਚ ਇਸ ਦਾ ਜਵਾਬ ਉਸ ਦੀ ਸਮਝ ਤੋਂ ਬਾਹਰ ਹੈ (ਅੱਯੂਬ 40; 41)। ''ਮੈਂ ਤੇਰੇ ਵਿਖੇ ਸੁਣੀਆਂ ਸੁਣਾਈਆਂ ਗੱਲਾਂ ਸੁਣੀਆਂ, ਪਰ ਹੁਣ ਮੇਰੀ ਅੱਖ ਤੈਨੂੰ ਵੇਖਦੀ ਹੈ, ਇਸ ਲਈ ਮੈਂ ਆਪਣੇ ਆਪ ਤੋਂ ਘਿਣ ਕਰਦਾ ਹਾਂ, ਅਤੇ ਮੈਂ ਖ਼ਾਕ ਅਤੇ ਸੁਆਹ ਵਿਚ ਪਛਤਾਉਂਦਾ ਹਾਂ'' (ਅੱਯੂਬ 42:5, 6)। ਹੱਬਕੂਕ ਨੇ ਪੁੱਛਿਆ ਸੀ, ਪਰ ਉਸਨੂੰ ਕੋਈ ਜਵਾਬ ਨਹੀਂ ਮਿਲਿਆ। ਅਖ਼ੀਰ ਉਸਨੇ ਪ੍ਰਭੂ ਤੇ ਭਰੋਸਾ ਰੱਖਣ ਦਾ ਫ਼ੈਸਲਾ ਲਿਆ ਭਾਵੇਂ ਉਸਨੂੰ ਪੂਰੀ ਸਮਝ ਨਹੀਂ ਆਈ ਸੀ:

> ਭਾਵੇਂ ਅੰਜੀਰ ਦਾ ਬਿਰਛ ਨਾ ਫਲ ਫੁੱਲੇ,
> ਨਾ ਅੰਗੂਰੀ ਵੇਲਾਂ ਉੱਤੇ ਫਲ ਹੋਵੇ,
> ਭਾਵੇਂ ਜ਼ੈਤੂਨ ਦੇ ਬਿਰਛ ਦਾ ਹਾਸਲ ਘਟੇ,
> ਅਤੇ ਖੇਤ ਅੰਨ ਨਾ ਦੇਣ,
> ਭਾਵੇਂ ਇੱਜੜ ਵਾੜੇ ਵਿੱਚੋਂ ਕੱਟੇ ਜਾਣ,
> ਅਤੇ ਵੱਗ ਕੁਰ੍ਹਾਂ ਵਿਚ ਨਾ ਹੋਣ,
> ਤਾਂ ਵੀ ਮੈਂ ਯਹੋਵਾਹ ਵਿੱਚ ਬਾਗ ਬਾਗ ਹੋਵਾਂਗਾ,
> ਮੈਂ ਆਪਣੇ ਮੁਕਤੀ ਦਾਤੇ ਪਰਮੇਸ਼ੁਰ ਵਿੱਚ ਖੁਸ਼ੀ ਮਨਾਵਾਂਗਾ।
> ਪ੍ਰਭੂ ਯਹੋਵਾਹ ਮੇਰਾ ਬਲ ਹੈ,
> ਉਹ ਮੇਰੇ ਪੈਰ ਹਰਨੀਆਂ ਵਰਗੇ ਬਣਾਉਂਦਾ ਹੈ,
> ਅਤੇ ਮੈਨੂੰ ਮੇਰੀਆਂ ਉੱਚਿਆਈਆਂ ਉੱਤੇ ਤੋਰਦੀ ਹੈ (ਹੱਬਕੂਕ 3:17-19)।

ਇਨ੍ਹਾਂ ਲੋਕਾਂ ਨੂੰ ''ਕਿਉਂ'' ਦੇ ਸਵਾਲ ਦਾ ਪੂਰਾ ਜਵਾਬ ਨਹੀਂ ਮਿਲਿਆ ਅਤੇ ਨਾ ਹੀ ਯੂਹੰਨਾ 9

ਅਧਿਆਇ ਵਿਚ ਚੇਲਿਆਂ ਨੂੰ!

## ਜਵਾਬ (9:3)

ਇਹ ਪੁੱਛੇ ਜਾਣ ਤੇ ਕਿ ਉਹ ਮੰਗਤਾ ਅੰਨ੍ਹਾ ਕਿਉਂ ਪੈਦਾ ਹੋਇਆ ਸੀ, ਯਿਸੂ ਨੇ ਜਵਾਬ ਦਿੱਤਾ, ''ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ ਇਸ ਲਈ ਹੋਇਆ ਜੋ ਪਰਮੇਸ਼ੁਰ ਦੇ ਕੰਮ ਉਸ ਵਿਚ ਪਰਗਟ ਕੀਤੇ ਜਾਣ'' (9:3)। ਯਿਸੂ ਤੋਂ ਮਨੁੱਖ ਦੇ ਦੁੱਖ ਦਾ *ਕਾਰਣ* ਪੁੱਛਿਆ ਗਿਆ ਸੀ। ਉਸ ਖ਼ਾਸ ਸਵਾਲ ਦਾ ਜਵਾਬ ਦੇਣੋਂ ਉਸ ਨੇ ਨਾਂਹ ਕਰ ਦਿੱਤੀ। ਸ਼ਾਇਦ ਇਸ ਕਰਕੇ ਕਿ ਅਸੀਂ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ ਕਿ ਖ਼ੁਦਾ ਇਸ ਵਿਸ਼ੇ ਤੇ ਕੀ ਦੱਸਦਾ ਹੈ। ਕਾਰਣ ਜੋ ਵੀ ਹੋਵੇ, ਇਹਦੀ ਥਾਂ ਯਿਸੂ ਨੇ ਉਨ੍ਹਾਂ ਨੂੰ ਮਨੁੱਖ ਦੇ ਦੁੱਖ ਦਾ *ਮਕਸਦ* ਦੱਸ ਦਿੱਤਾ ਸੀ। ਉਸਨੇ ਚੇਲਿਆਂ ਨੂੰ ਇਹ ਤਾਂ ਨਹੀਂ ਦੱਸਿਆ ਕਿ ਉਹ ਆਦਮੀ ਅੰਨ੍ਹਾ ਕਿਉਂ ਪੈਦਾ ਹੋਇਆ ਸੀ, ਪਰ ਉਸ ਨੇ ਉਸ ਆਦਮੀ ਦੇ ਅੰਨ੍ਹਾ ਹੋਣ ਦਾ ਮਕਸਦ ਜ਼ਰੂਰ ਦੱਸ ਦਿੱਤਾ, ''ਜੋ ਪਰਮੇਸ਼ੁਰ ਦੇ ਕੰਮ ਉਸ ਵਿਚ ਪਰਗਟ ਕੀਤੇ ਜਾਣ।''

ਇਸ ਵਿਸ਼ੇ ਤੇ ਯਿਸੂ ਦੀ ਗੱਲ ਜ਼ਿੰਦਗੀ ਵਿਚ ਸਾਡੀਆਂ ਠਹਿਰਾਈਆਂ ਹੋਣੀ ਤਰਜੀਹਾਂ ਦੇ ਢੰਗ ਨਾਲ ਟਕਰਾ ਜਾਂਦੀ ਹੈ। ਅਮਰੀਕੀ ਲੋਕਾਂ ਦੇ ਸੰਵਿਧਾਨ ਵਿਚ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੂੰ ''ਜ਼ਿੰਦਗੀ, ਅਜ਼ਾਦੀ ਅਤੇ ਖੁਸ਼ ਪਾਉਣ'' ਦਾ ਹੱਕ ਮਿਲਿਆ ਹੈ। ਬਹੁਤ ਵਾਰ ਲੋਕ ਇਸ ਦਾ ਗ਼ਲਤ ਅਰਥ ਕੱਢਦੇ ਹਨ ਕਿ ਜ਼ਿੰਦਗੀ ਦਾ ਮਕਸਦ ਨਿੱਜੀ ਖੁਸ਼ੀ ਹੈ। ਜਦ ਅਸੀਂ ਇੰਜ ਸੋਚਦੇ ਹਾਂ, ਤਾਂ ਹਰ ਤਰ੍ਹਾਂ ਦਾ ਦੁੱਖ ਸਾਡੇ ਅਨੰਦ ਵਿਚ ਰੁਕਾਵਟ ਬਣ ਜਾਂਦਾ ਹੈ, ਇਸ ਲਈ ਇਹ ਮਾੜੀ ਗੱਲ ਹੈ। ਪਰ ਜੇ ਅਸੀਂ ਜ਼ਿੰਦਗੀ ਦੇ ਮਕਸਦ ਨੂੰ ''ਖ਼ੁਦਾ ਦੇ ਕੰਮ ਦਾ ਇਜ਼ਹਾਰ'' ਦੇ ਰੂਪ ਵਿਚ ਵੇਖਾਂਗੇ, ਤਾਂ ਸਾਨੂੰ ਦੁੱਖਾਂ ਉਵੇਂ ਹੀ ਨਜ਼ਰ ਆਉਣਗੇ, ਜਿਵੇਂ ਬਰਕਤਾਂ ਨੂੰ ਵੇਖਦੇ ਹਾਂ ਤਾਂ ਸਾਨੂੰ ਉਨ੍ਹਾਂ ਵਿਚ ਖ਼ੁਦਾ ਦੀ ਵਡਿਆਈ ਨਜ਼ਰ ਆਵੇਗੀ। ਆਪਣੇ ਚੇਲਿਆਂ ਨੂੰ ਯਿਸੂ ਦਾ ਇਹੀ ਸੰਦੇਸ਼ ਸੀ। ਉਸ ਨੇ ਉਨ੍ਹਾਂ ਨੂੰ ਇਹ ਤਾਂ ਨਹੀਂ ਦੱਸਿਆ ਕਿ ਅੰਨ੍ਹਾ ਆਦਮੀ ਅੰਨ੍ਹਾ ਕਿਉਂ ਜੰਮਿਆ ਸੀ, ਪਰ ਉਸਨੇ ਮਨੁੱਖ ਦੇ ਜੀਣ ਦਾ ਮਕਸਦ ਦੱਸ ਦਿੱਤਾ ਸੀ ਕਿ ਉਸਦਾ ਮਕਸਦ ਖ਼ੁਦਾ ਦੀ ਵਡਿਆਈ ਕਰਨਾ ਹੈ!

ਮੈਂ ਜਦ ਉਨ੍ਹਾਂ ਲੋਕਾਂ ਬਾਰੇ ਵਿਚਾਰ ਕਰਦਾ ਹਾਂ ਜਿਨ੍ਹਾਂ ਦੁੱਖ ਝੱਲ ਕੇ ''ਪਰਮੇਸ਼ੁਰ ਦੇ ਕੰਮਾਂ ਨੂੰ ਪਰਗਟ ਕੀਤਾ'' ਤਾਂ ਮੇਰੇ ਦਿਮਾਗ਼ ਵਿਚ ਬਹੁਤ ਸਾਰੇ ਲੋਕ ਆਉਂਦੇ ਹਨ। ਉਨ੍ਹਾਂ ਵਿੱਚੋਂ ਇਕ ਉਹ ਜਵਾਨ ਹੈ ਜਿਸ ਦੀ ਦਿਮਾਗੀ ਕਾਬਲੀਅਤ ਸੀਮਤ ਹੈ। ਮੈਨੂੰ ਯਕੀਨ ਹੈ ਕਿ ਉਸਦੇ ਮਾਂ ਪਿਓ ਨੇ ਲੱਖਾਂ ਵਾਰ ਖ਼ੁਦਾ ਤੋਂ ਪੁੱਛਿਆ ਹੋਵੇਗਾ ਕਿ ਉਨ੍ਹਾਂ ਦਾ ਬੇਟਾ ਅਜਿਹਾ ਪੈਦਾ ਕਿਉਂ ਹੋਇਆ। ਮੈਨੂੰ ਉਨ੍ਹਾਂ ਦੇ ਬੇਟੇ ਦੇ ਬਪਤਿਸਮੇ ਦੀ ਉਹ ਰਾਤ ਯਾਦ ਰਹੇਗੀ, ਜਦ ਉਸ ਨੇ ਵਚਨ ਸੁਣਨ ਦੇ ਬਾਅਦ ਬਪਤਿਸਮਾ ਲੈਣ ਦੇ ਸੱਦੇ ਨੂੰ ਮੰਨਿਆ ਸੀ। ਉਹਦੇ ਵੱਲੋਂ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਵੇਲੇ ਸਭਾ ਵਿਚ ਕੋਈ ਅਜਿਹੀ ਅੱਖ ਨਹੀਂ ਸੀ ਜਿਹੜੀ ਭਿੱਜੀ ਨਾ ਹੋਵੇ ਅਤੇ ਉਸਨੇ ਬੜੀ ਹਲੀਮੀ ਨਾਲ ਕਿਹਾ ਸੀ, ''ਮੈਂ ਤਾਂ ਉਹੀ ਕਰਨਾ ਚਾਹੁੰਦਾ ਹਾਂ ਜੋ ਖ਼ੁਦਾ ਚਾਹੁੰਦਾ ਹੈ ਕਿ ਮੈਂ ਕਰਾਂ।'' ਓਸੇ ਮੌਕੇ ਉਸ ਜਵਾਨ ਦੀ ਜ਼ਿੰਦਗੀ ਵਿਚ ਖ਼ੁਦਾ ਦਾ ਕੰਮ ਜ਼ਾਹਿਰ ਹੋਇਆ ਸੀ।

ਮੇਰਾ ਧਿਆਨ ਉਸ ਪ੍ਰਚਾਰਕ ਵੱਲ ਵੀ ਜਾਂਦਾ ਹੈ ਜਿਸ ਤੋਂ ਮੈਂ ਉਦੋਂ ਵਚਨ ਸੁਣਿਆ ਸੀ, ਜਦ ਉਸਨੂੰ ਦੱਸਿਆ ਹੀ ਗਿਆ ਸੀ ਕਿ ਉਸਨੂੰ ਭਿਆਨਕ ਬੀਮਾਰੀ ਹੈ। ਉਸਨੇ ਕਲੀਸੀਆ ਨੂੰ

ਕਿਹਾ ਸੀ ਕਿ ਖ਼ੁਦਾ ਅੱਗੇ ਉਹਦੀ ਦੁਆ ਹੈ ਕਿ ਉਹ ਠੀਕ ਹੋ ਜਾਵੇ; ਪਰ ਜੇ ਠੀਕ ਨਹੀਂ ਹੁੰਦਾ ਤਾਂ ਉਹਦੀ ਦੁਆ ਇਹ ਹੋਵੇਗੀ ਕਿ ਖ਼ੁਦਾ ਕਲੀਸੀਆ ਨੂੰ ਮਰਨਾ ਸਿਖਾ ਦੇਵੇ। ਕੁਝ ਮਹੀਨਿਆਂ ਬਾਅਦ ਉਸ ਨੇ ਇਵੇਂ ਹੀ ਕੀਤਾ; ਉਸਦੀ ਮੌਤ ਵਿਚ ਵੀ ਖ਼ੁਦਾ ਦਾ ਕੰਮ ਨਜ਼ਰ ਆਇਆ।

ਆਪਣੇ ਦੁੱਖ ਵਿਚ ਖ਼ੁਦਾ ਦੇ ਕੰਮ ਨੂੰ ਵਿਖਾਉਣ ਦੀ ਇਕ ਹੋਰ ਮਿਸਾਲ ਇਕ ਮਸੀਹੀ ਔਰਤ ਹੈ ਜੋ ਕਈ ਸਾਲ ਤਕ ਕੈਂਸਰ ਨਾਲ ਲੜਦੀ ਰਹੀ ਅਤੇ ਹੁਣੇ ਹੀ ਖ਼ੁਦਾ ਨੇ ਉਹਨੂੰ ਆਪਣੇ ਕੋਲ਼ ਬੁਲਾ ਲਿਆ ਸੀ। ਕਈ ਵਾਰ ਮੈਂ ਲੋਕਾਂ ਨੂੰ ਉਸ ਔਰਤ ਦੇ ਬੀਮਾਰੀ ਦੇ ਸਾਲਾਂ ਨੂੰ ਯਾਦ ਕਰਦਿਆਂ ''ਕਿਉਂ?'' ਦੇ ਸਵਾਲ ਨੂੰ ਸੁਣਿਆ ਹੈ। ਮੈਂ ਇਸ ਗੱਲ ਤੋਂ ਕਾਇਲ ਹਾਂ ਕਿ ਉਸ ਨੇ ਆਪਣੀ ਬੀਮਾਰੀ ਵਿਚ ਪਰਮੇਸ਼ੁਰ ਦੇ ਕੰਮ ਨੂੰ ਇਵੇਂ ਵਿਖਾਇਆ ਜਿਵੇਂ ਆਪਣੀ ਤੰਦਰੁਸਤੀ ਵਿਚ ਵੀ ਬਹੁਤ ਘੱਟ ਵਿਖਾ ਪਾਉਂਦੇ ਹਨ।

ਯਕੀਨਨ ਹੀ ਮਕਸਦ ਲੈ ਕੇ ਜੀਣ ਦੀ ਬੇਹਤਰੀਨ ਮਿਸਾਲ ਸਲੀਬ ਤੇ ਚੜ੍ਹਿਆ ਯਿਸੂ ਹੀ ਹੈ। ਉਸਨੂੰ ਸਲੀਬ ਚੜ੍ਹਾਉਣਾ ਗੈਰਕਾਨੂੰਨੀ ਅਤੇ ਜ਼ਾਲਿਮਾਨਾ ਸੀ। ਕਈ ਤਰ੍ਹਾਂ ਨਾਲ ਇਹ ਇਕ ਦੁਖਦ ਘਟਨਾ ਸੀ; ਫਿਰ ਵੀ ਯਿਸੂ ਨੂੰ ਸਲੀਬ ਤੇ ਟੰਗਿਆ ਗਿਆ ਤਾਂ ਕਿ ਉਸਦੀ ਜ਼ਿੰਦਗੀ ਅਤੇ ਮੌਤ ਦੇ ਰਾਹੀਂ ''ਪਰਮੇਸ਼ੁਰ ਦੇ ਕੰਮ ਪਰਗਟ ਹੋਣ।'' ਮੈਨੂੰ ਅਜਿਹਾ ਕੋਈ ਆਦਮੀ ਨਹੀਂ ਮਿਲਿਆ ਜੋ ਇਹ ਸਮਝਾ ਸਕੇ ਕਿ ਯਿਸੂ ਨੂੰ ਸਲੀਬ ਤੇ ਦੁੱਖ ਕਿਉਂ ਝੱਲਣਾ ਪਿਆ। ਮੈਨੂੰ ਨਹੀਂ ਲਗਦਾ ਕਿ ਅਸੀਂ ਇਸ ਨੂੰ ਸੁਰਗ ਜਾਣ ਤੋਂ ਪਹਿਲਾਂ ਪੂਰੀ ਤਰ੍ਹਾਂ ਸਮਝ ਸਕਾਂਗੇ। ਪਰ ਇਕ ਛੋਟਾ ਜਿਹਾ ਬੱਚਾ ਵੀ ਇਸ ਤੱਥ ਦੇ ਅਹਿਮੀਅਤ ਨੂੰ ਸਮਝ ਸਕਦਾ ਹੈ ਕਿਉਂਕਿ ਸਾਨੂੰ ਇਹ ਲੱਗਣ ਲਗਦਾ ਹੈ ਕਿ ਖ਼ੁਦਾ ਦਾ ਕੰਮ ਐਨੇ ਸ਼ਾਨਦਾਰ ਤਰੀਕੇ ਨਾਲ ਵਿਖਾਇਆ ਗਿਆ। ਉਹ ਖ਼ੁਦਾ ਦੇ ਮਕਸਦ ਨੂੰ ਪੂਰਾ ਕਰਨ ਲਈ ਹੀ ਜ਼ਿੰਦਾ ਰਿਹਾ ਅਤੇ ਮਰਿਆ।

ਸਾਡੇ ਵਿੱਚੋਂ ਹਰ ਕਿਸੇ ਦੀ ਜ਼ਿੰਦਗੀ ਵਿਚ ਕੋਈ ਅਜਿਹੀ ਗੱਲ ਹੁੰਦੀ ਹੈ ਜਿਸ ਤੋਂ ਸਾਨੂੰ ਲੱਗਦਾ ਹੈ ਕਿ ਖ਼ੁਦਾ ਨੇ ਸਾਥੋਂ ਆਪਣਾ ਮੂੰਹ ਮੋੜ ਲਿਆ ਹੈ ਅਤੇ ਅਸੀਂ ਖ਼ੁਦਾ ਦੀ ਵਡਿਆਈ ਲਈ ਕਿਸੇ ਕੰਮ ਦੇ ਨਹੀਂ ਹੋ ਸਕਦੇ। ਕੋਈ ਕਹਿ ਸਕਦਾ ਹੈ, ''ਪਰ ਮੇਰਾ ਤਾਂ ਤਲਾਕ ਹੋ ਗਿਆ ਹੈ''; ''ਮੇਰੇ ਘਰ ਤਾਂ ਫ਼ਸਾਦ ਰਹਿੰਦਾ ਹੈ''; ''ਮੈਂ ਬੱਚਿਆਂ ਤੋਂ ਦੁਖੀ ਹਾਂ''; ''ਮੈਂ ਬੀਮਾਰ ਹਾਂ''; ਜਾਂ ''ਮੈਂ ਬਹੁਤ ਬੁੱਢਾ/ ਜਵਾਨ ਹਾਂ।'' ਇਸ ਗੱਲ ਦੇ ਨਿਚੋੜ ਵਿਚ ਯਿਸੂ ਸਾਡੇ ਨਾਲ ਸੰਸਾਰ ਵਿਚ ਚੱਲਦਾ ਹੋਇਆ ਕਹਿੰਦਾ ਹੈ, ''ਮੈਂ ਤੁਹਾਨੂੰ ਇਹ ਨਹੀਂ ਦੱਸਾਂਗਾ ਕਿ ਤੁਹਾਡੀਆਂ ਮੁਸ਼ਕਿਲਾਂ ਦੇ ਬਾਵਜੂਦ ਵੀ ਤੁਹਾਡੇ ਜ਼ਿੰਦਗੀ ਵਿਚ ਖ਼ੁਦਾ ਦਾ ਕੰਮ ਨਜ਼ਰ ਆ ਸਕਦਾ ਹੈ, ਕੀ ਪਤਾ ਤੁਹਾਡੀਆਂ ਮੁਸ਼ਕਿਲਾਂ ਦੇ ਕਾਰਣ ਹੀ ਹੋਵੇ।''

ਇਸ ਦੀ ਇਕ ਉਦਾਹਰਣ ਪੌਲੁਸ ਹੈ, ਜੋ ਆਪਣੇ ਪ੍ਰਸਿੱਧ ''ਸਰੀਰ ਵਿਚ ਕੰਡਾ'' (2 ਕੁਰਿੰਥੀਆਂ 12:7) ਚੁਭਣ ਕਰਕੇ ਦੁਖੀ ਸੀ। ਤਿੰਨ ਵਾਰ ਉਸਨੇ ਪ੍ਰਭੂ ਤੋਂ ਇਸ ਦੇ ਛੁਟਕਾਰੇ ਲਈ ਦੁਆ ਕੀਤੀ। ਮੈਨੂੰ ਯਕੀਨ ਹੈ ਕਿ ਪੌਲੁਸ ਨੂੰ ਲਗਦਾ ਹੋਵੇਗਾ ਕਿ ਜੇ ਉਸਨੂੰ ਪੀੜ ਤੋਂ ਹੀ ਰਾਹਤ ਨਾ ਮਿਲੇ ਤਾਂ ਉਹ ਖ਼ੁਦਾ ਲਈ ਹੋਰ ਜ਼ਿਆਦਾ ਕੰਮ ਕਿਵੇਂ ਕਰ ਸਕੇਗਾ, ਪਰ ਪ੍ਰਭੂ ਨੇ ਪੌਲੁਸ ਦੇ ਸਰੀਰ ਦਾ ਕੰਡਾ ਕੱਢਣੋਂ ਮਨ੍ਹਾ ਕਰ ਦਿੱਤਾ। ਕੰਡਾ ਕੱਢਣ ਦੀ ਬਜਾਏ ਖ਼ੁਦਾ ਨੇ ਉਸਦੇ ਲਈ ਆਪਣਾ ਇਹ ਸੰਦੇਸ਼ ਦਿੱਤਾ: ''ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਨਿਰਬਲਤਾਈ ਵਿਚ ਪੂਰੀ ਹੁੰਦੀ ਹੈ'' (2 ਕੁਰਿੰਥੀਆਂ 12:9)। ਅਖ਼ੀਰ ਵਿਚ ਪੌਲੁਸ ਨੇ ਖ਼ੁਦਾ ਫ਼ੈਸਲਾ ਮੰਨ ਲਿਆ ਕਿ ਉਹ ਸ਼ਕਤੀ ਅਤੇ ਚੰਗੀ ਸਿਹਤ ਦੇ ਮੁਕਾਬਲੇ ਕਮਜ਼ੋਰੀ ਵਿਚ ਖ਼ੁਦਾ ਦੀ ਸ਼ਕਤੀ ਵਧੀਆ ਢੰਗ ਨਾਲ ਵਿਖਾ ਸਕਦਾ ਹੈ। ਇਸ ਗੱਲ ਵਿਚ ਪੌਲੁਸ ਨੇ ਸਾਡੇ ਲਈ

ਆਉਣ ਵਾਲੇ ਦੁੱਖਾਂ ਦਾ ਸਾਹਮਣਾ ਕਰਨ ਲਈ ਇਕ ਨਮੂਨਾ ਛੱਡ ਦਿੱਤਾ ਹੈ। ਪਰ ਮਸੀਹੀ ਆਦਮੀ ਲਈ ਦੂਜਾ ਕਦਮ, ਖ਼ੁਦਾ ਨੂੰ ਇਹ ਕਹਿਣਾ ਹੈ ਕਿ ''ਕੁਝ ਵੀ ਕਿਉਂ ਨਾ ਹੋ ਜਾਵੇ, ਮੇਰੀ ਜ਼ਿੰਦਗੀ ਵਿਚ ਤੇਰੀ ਹੀ ਵਡਿਆਈ ਹੋਵੇਗੀ।'' ਹਾਲਾਤ ਕਿਹੋ ਜਿਹਾ ਵੀ ਕਿਉਂ ਨਾ ਹੋਵੇ, ਅਸੀਂ ਹਰ ਗੱਲ ਨੂੰ ਖ਼ੁਦਾ ਦੇ ਕੰਮ ਵਿਖਾਉਣ ਲਈ ਵਰਤ ਸਕਦੇ ਹਾਂ।

ਕੈਂਸਰ ਨਾਲ ਲੜਾਈ ਅਤੇ ਬੇਸਬਾਲ ਵਿਚ ਨਾਟਕੀ ਵਾਪਸੀ ਦੇ ਬਾਅਦ ਡੇਵ ਡ੍ਰੇਵੇਕੀ ਦੇ ਇਕ ਜਖ਼ਮ ਹੋ ਗਿਆ ਜਿਸ ਨਾਲ ਸੈਨ ਫ੍ਰੈਸਿਸਕੋ ਜਾਇੰਟਸ ਬੇਸਬਾਲ ਟੀਮ ਦੇ ਸਟਾਰ ਪਿੱਚਰ ਦੇ ਰੂਪ ਵਿਚ ਉਸਦਾ ਕੈਰੀਅਰ ਖ਼ਤਮ ਹੋ ਗਿਆ। ਬਾਅਦ ਵਿਚ ਉਸ ਨੇ ਲਿਖਿਆਃ

> ਦੁਖਾਂਤ ਸਾਨੂੰ ਵਨ ਵੇ [ਇਕ ਤਰਫ਼ੀ ਰਾਹ] ਦਰਵਾਜ਼ੇ ਵਿੱਚੋਂ ਲੈ ਜਾਂਦਾ ਹੈ, ਅਤੇ ਇਕ ਵਾਰ ਜਦ ਅਸੀਂ ਇਸ ਵਿੱਚੋਂ ਲੰਘ ਜਾਂਦੇ ਹਾਂ, ਤਾਂ ਅਸੀਂ ਕਦੇ ਉਸੇ ਰਾਹ ਵਾਪਸ ਨਹੀਂ ਆਉਂਦੇ ਜੋ ਉਸ ਦੁਖਾਂਤ ਤੋਂ ਪਹਿਲਾਂ ਹੁੰਦਾ ਹੈ। ... ਅਸੀਂ ਵਾਪਸ ਨਹੀਂ ਜਾ ਸਕਦੇ, ਭਾਵੇਂ ਜਾਣ ਲਈ ਕਿੰਨੇ ਵੀ ਦੁਖੀ ਹੋਈਏ। ਅਸੀਂ ਸਿਰਫ਼ ਐਨਾ ਹੀ ਕਰ ਸਕਦੇ ਹਾਂ ਕਿ ਉਸ ਦੁੱਖ ਲਈ ਜੋ ਕਿਸੇ ਸਮੇਂ ਸੀ, ਉਸ ਭਲਾਈ ਲਈ ਜੋ ਉਸ ਵਿਚ ਸੀ, ਉਨ੍ਹਾਂ ਸਮਿਆਂ ਲਈ ਜੋ ਉਨ੍ਹਾਂ ਵਿਚ ਸਨ, ਉਸ ਹਾਸੇ ਲਈ, ਉਸ ਤੇ ਪ੍ਰੇਮ ਦੇ ਲਈ, ਉਸ ਸਮੇਂ ਲਈ ਜੋ ਇਕ ਦੂਜੇ ਲਈ ਬਿਤਾਇਆ ਗਿਆ, ਧੰਨਵਾਦ ਦੇ ਸਕੀਏ। ਫਿਰ ਉਨ੍ਹਾਂ ਸਮਿਆਂ ਨੂੰ ਅਤੇ ਉਨ੍ਹਾਂ ਅਜ਼ੀਜ਼ਾਂ ਨੂੰ ਅਲਵਿਦਾ ਕਹਿੰਦੇ ਹੋਏ ਅਸੀਂ ਉਨ੍ਹਾਂ ਦੀ ਬਾਂਹ ਵਿਚ ਬਾਂਹ ਪਾ ਕੇ ਜਿਸ ਨੇ ਸੂਰਜ, ਅਤੇ ਚੰਦਰਮਾ ਅਤੇ ਤਾਰਿਆਂ ਨੂੰ ਮਾਰਗ ਦਿੱਤਾ, ਭਰੋਸਾ ਰੱਖੀਏ ਕਿ ਸਾਡੀਆਂ ਜ਼ਿੰਦਗੀਆਂ ਲਈ ਵੀ ਉਸ ਨੇ ਰਾਹ ਰੱਖਿਆ ਹੈ।[2]

## ਸਾਰ

ਦੁਨੀਆ ਵਿਚ ਇਹ ਸਵਾਲ ਬਣਿਆ ਰਹਿੰਦਾ ਹੈ ਕਿ ''ਜ਼ਿੰਦਗੀ ਦਾ ਅਰਥ ਹੈ, ਜਾਂ ਇਹ ਸਿਰਫ਼ ਸੰਜੋਗ ਦਾ ਖੇਡ ਹੈ?'' ਦੁਨੀਆਂ ਕੋਲ਼ ਹੋ ਸਕਦਾ ਇਸ ਸਵਾਲ ਦਾ ਜਵਾਬ ਨਾ ਹੋਵੇ, ਪਰ ਯਿਸੂ ਦੇ ਚੇਲਿਆਂ ਕੋਲ਼ ਹੈ। ਅਸੀਂ ਜਾਣਦੇ ਹਾਂ ਕਿ ਇਸ ਜਗਤ ਵਿਚ ਸਾਡੇ ਨਾਲ ਜੋ ਵੀ ਹੁੰਦਾ ਹੈ ਉਸ ਵਿਚ ਸਾਨੂੰ ਖ਼ੁਦਾ ਦੀ ਵਡਿਆਈ ਲਈ ਵਰਤੋਂ ਦੀ ਸੰਭਾਵਨਾ ਲੁਕੀ ਹੁੰਦੀ ਹੈ। ਆਓ ਅਸੀਂ ਅਜਿਹੀ ਜ਼ਿੰਦਗੀ ਜੀਵੀਏ ਜਿਸ ਨਾਲ ਸਾਡੇ ਹਾਲਾਤ ਭਾਵੇਂ ਕਿਹੋ ਜਿਹੇ ਵੀ ਕਿਉਂ ਨਾ ਹੋਣ, ਉਨ੍ਹਾਂ ਸਭਨਾਂ ਨੂੰ ਸਾਡੀਆਂ ਜ਼ਿੰਦਗੀਆਂ ਵਿਚ ''ਖ਼ੁਦਾ ਦੇ ਕੰਮ ਨਜ਼ਰ ਆਉਣ!''

---

ਟਿੱਪਣੀਆਂ

[1]ਲਿਓਨ ਮੌਰਿਸ, *ਦਿ ਗੌਸਪਲ ਅਕੌਰਡਿੰਗ ਟੂ ਜੌਨ,* ਦਿ ਨਿਊ ਇੰਟਰਨੈਸ਼ਨਲ ਕਮੈਂਟਰੀ ਆਫ਼ ਦ ਨਿਊ ਟਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1971), 478. [2]ਡੇਵ ਡ੍ਰੇਵਕੀ, *ਵ੍ਹੇਨ ਯੂ ਕਾਂਟ ਕਮ ਬੈਕ* (ਗ੍ਰੈਂਡ ਰੈਪਿਡਸ ਮਿਸ਼ਿਗਨਃ ਜ਼ੌਂਡਰਵਨ, 1992), 159.